# माँ बेड़ा पार लावेगी

ਬੇੜਾ ਪਾਰ ਲਾਵੇਗੀ
============
ਮੈਂ ਤੇ, ਮਈਆ ਜੀ ਤੇ, ਸੁੱਟੀਆਂ ਡੋਰਾਂ,
ਆਪੇ ਹੀ, ਬੇੜਾ ਪਾਰ ਲਾਵੇਗੀ।
ਸ਼ੇਰਾਂਵਾਲੀ ਮਾਂ ਤੇ, ਸੁੱਟੀਆਂ ਮੈਂ ਡੋਰਾਂ,
ਆਪੇ ਹੀ, ਬੇੜਾ ਪਾਰ ਲਾਵੇਗੀ।
ਪਾਰ, ਲਾਵੇਗੀ ਮਾਂ ਬੇੜਾ, ਪਾਰ ਲਾਵੇਗੀ॥
*ਮੈਨੂੰ, ਕਿਸੇ ਦੀਆਂ, ਨਹੀਓਂ ਲੋੜਾਂ,
ਆਪੇ ਹੀ, ਬੇੜਾ ਪਾਰ ਲਾਵੇਗੀ,,,
ਸ਼ੇਰਾਂਵਾਲੀ ਮਾਂ ਤੇ, ਸੁੱਟੀਆਂ ਮੈਂ ਡੋਰਾਂ,
ਆਪੇ ਹੀ, ਬੇੜਾ ਪਾਰ ਲਾਵੇਗੀ।
ਚਿੰਤਪੁਰਨੀ ਮਾਂ ਤੇ, ਸੁੱਟੀਆਂ ਮੈਂ ਡੋਰਾਂ,
ਆਪੇ ਹੀ, ਬੇੜਾ ਪਾਰ ਲਾਵੇਗੀ।

ਮਈਆ ਜੀ ਦੀ, ਮੂਰਤੀ ਨਾਲ, ਪਿਆਰ ਸਾਨੂੰ ਹੋ ਗਿਆ।
ਜੋਤਾਂ ਵਿੱਚੋਂ, ਦਾਤੀ ਦਾ, ਦੀਦਾਰ ਸਾਨੂੰ ਹੋ ਗਿਆ॥
*ਮਾਂ ਦੇ, ਨਾਮ ਦੀਆਂ, ਚੜ੍ਹ ਗਈਆਂ ਲੋਰਾਂ,
ਆਪੇ ਹੀ, ਬੇੜਾ ਪਾਰ ਲਾਵੇਗੀ,,,
ਸ਼ੇਰਾਂਵਾਲੀ / ਨੈਣਾਂ ਦੇਵੀ ਮਾਂ ਤੇ,,,,,,,,,,,,,,,,,,,,,

ਆਉਂਦੇ ਨੇ, ਨਰਾਤੇ ਜਦੋਂ, ਕੰਜ਼ਕਾਂ ਬਿਠਾਉਂਦੇ ਆਂ।
ਹਲਵਾ ਪੂਰੀ, ਮੇਵਿਆਂ ਦਾ, ਭੋਗ ਮਾਂ ਨੂੰ ਲਾਉਂਦੇ ਆਂ॥
*ਕਾਹਤੋਂ, ਕਿਸੇ ਅੱਗੇ, ਹੱਥ ਮੈਂ ਜੋੜਾਂ,
ਆਪੇ ਹੀ, ਬੇੜਾ ਪਾਰ ਲਾਵੇਗੀ,,,
ਸ਼ੇਰਾਂਵਾਲੀ / ਵੈਸ਼ਣੋਂ ਦੇਵੀ ਮਾਂ ਤੇ,,,,,,,,,,,,,,,,,,,,,

ਰੁੱਕੇ ਹੋਏ, ਕੰਮ ਸਾਡੇ, ਦਾਤੀ ਨੇ ਚਲਾਏ ਨੇ।
ਕੀਤੀਆਂ ਨੇ, ਮੇਹਰਾਂ ਮਾਂ ਨੇ, ਭਾਗ ਜਗਾਏ ਨੇ॥
*ਸੋਹਣੀ, ਆਉਣ ਦੇਂਦੀ, ਦਾਤੀ ਨਹੀਂਓਂ ਥੋੜਾ,
ਆਪੇ ਹੀ, ਬੇੜਾ ਪਾਰ ਲਾਵੇਗੀ,,,
ਸ਼ੇਰਾਂਵਾਲੀ / ਜਵਾਲਾ ਦੇਵੀ ਮਾਂ ਤੇ,,,,,,,,,,,,,,,,,,,,,F

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/33453/title/MAA-BEDA-PAAR-LAVEGI

अपने Android मोबाइल पर BhajanGanga App डाउनलोड करें और भजनों का आनंद ले |